15ਵੀਂ ਵਿਧਾਨ ਸਭਾ
16ਵਾਂ (ਵਿਸ਼ੇਸ਼) ਸਮਾਗਮ,2021

# ਪੰਜਾਬ ਵਿਧਾਨ ਸਭਾ

## ਅੱਜ ਅਰਥਾਤ 11 ਨਵੰਬਰ, 2021 ਨੂੰ 11.00 ਵਜੇ ਸਵੇਰੇ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਕਾਰਜ-ਸੂਚੀ ਦਾ

## ਜ਼ਮੀਮਾ

---

1. ਸਿਰਲੇਖ **"VI. ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਅਧਾਰ ਤੇ ਮੈਂਬਰਾਂ ਦੀ ਅਯੋਗਤਾ) ਨਿਯਮ, 2020 ਦੀ ਪ੍ਰਵਾਨਗੀ ਸਬੰਧੀ ਪ੍ਰਸਤਾਵ"**, ਤੋਂ ਬਾਅਦ **VI-ੳ.** ਵਜੋਂ ਜੋੜ ਦਿੱਤਾ ਜਾਵੇਗਾ:-

**"VI-ੳ. ਮੁੱਖ ਮੰਤਰੀ** ਪਾਵਰ ਸੈਕਟਰ (ਅਵਧੀ: 2006-07 ਤੋਂ 2020-21) ਤੇ ਵਾਈਟ ਪੇਪਰ ਸਦਨ ਦੀ ਮੇਜ਼ ਤੇ ਰੱਖਣਗੇ।

2. ਸਿਰਲੇਖ **"IX. ਸਰਕਾਰੀ ਮਤਾ"**, ਅਧੀਨ ਨਿਮਨਲਿਖਤ **ਕ੍ਰਮ ਨੰ.1** ਵਜੋਂ ਜੋੜ੍ਹ ਦਿੱਤਾ ਜਾਵੇਗਾ ਅਤੇ ਮੌਜੂਦਾ ਮਤਾ **ਕ੍ਰਮ ਨੰ.2** ਵਜੋਂ ਪੜ੍ਹਿਆ ਜਾਵੇ:-

"ਪੰਜਾਬ ਵਿਧਾਨ ਸਭਾ ਦਾ ਇਹ 16ਵਾਂ ਵਿਸ਼ੇਸ਼ ਇਜਲਾਸ ਕੇਂਦਰ ਸਰਕਾਰ ਦੀ ਇਸ ਕਾਰਵਾਈ 'ਤੇ ਆਪਣੀ ਚਿੰਤਾ ਅਤੇ ਨਿਰਾਸ਼ਾ ਦਾ ਪ੍ਰਗਟਾਵਾ ਕਰਦਾ ਹੈ, ਜਿਸ ਨੇ ਆਪਣੀ ਵਿਧਾਨਕ ਸਮਰੱਥਾ ਨੂੰ ਅਣਡਿੱਠਾ ਕਰਦੇ ਹੋਏ, ਰਾਜਾਂ ਦੇ ਅਧਿਕਾਰ ਖੇਤਰ ਵਿੱਚ ਦਖਲ ਦਿੱਤਾ ਅਤੇ ਖੇਤੀਬਾੜੀ ਸਬੰਧੀ 'ਤੇ ਕਾਨੂੰਨ ਬਣਾਇਆ, ਜੋ ਕਿ ਮੂਲ ਰੂਪ ਨਾਲ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੀ ਰਾਜ ਦੀ ਸੂਚੀ (ਸੂਚੀII) ਵਿੱਚ ਆਉਂਦਾ ਹੈ ਅਤੇ ਤਿੰਨ ਕਾਨੂੰਨ ਲਾਗੂ ਕੀਤੇ:ਕਿਸਾਨ ਉਤਪਾਦ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਰਲੀਕਰਣ) ਐਕਟ, 2020;ਮੁੱਲ ਭਰੋਸਾ ਅਤੇ ਖੇਤੀ ਸੇਵਾਵਾਂ 'ਤੇ ਕਿਸਾਨ (ਅਧਿਕਾਰਤਾ ਅਤੇ ਸੁਰੱਖਿਆ) ਸਮਝੌਤਾ ਐਕਟ, 2020; ਅਤੇ ਜ਼ਰੂਰੀ ਵਸਤੂਆਂ (ਸੋਧ) ਐਕਟ, 2020।

ਪੰਜਾਬ ਵਿਧਾਨ ਸਭਾ ਉਸ ਸਖ਼ਤ ਰਵੱਈਏ ਦੀ ਨਿੰਦਾ ਕਰਦੀ ਹੈ ਜਿਸ ਤਰ੍ਹਾਂ ਨਾਲ ਕੇਂਦਰ ਸਰਕਾਰ ਨੇ 5 ਜੂਨ 2020 ਨੂੰ ਭਾਈਵਾਲਾਂ (ਜਿਨ੍ਹਾਂ ਨੂੰ ਇਹ ਆਰਡੀਨੈਂਸ ਪ੍ਰਭਾਵਿਤ ਕਰਦੇ ਹਨ) ਜਾਂ ਰਾਜਾਂ (ਜਿਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਮਾਮਲਾ ਆਉਂਦਾ ਹੈ) ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਖੇਤੀ ਨਾਲ ਸਬੰਧਤ ਤਿੰਨ ਆਰਡੀਨੈਂਸ ਜਾਰੀ ਕੀਤੇ ਸਨ।

ਪੰਜਾਬ ਵਿਧਾਨ ਸਭਾ ਪੁਰਜ਼ੋਰ ਢੰਗ ਨਾਲ ਕੇਂਦਰ ਸਰਾਕਰ ਦੇ ਹੰਕਾਰ ਦੀ ਨਿੰਦਾ ਕਰਦੀ ਹੈ ਜਿਸ ਤਰ੍ਹਾਂ ਉਸਨੇ ਵਿਰੋਧੀ ਧਿਰ ਦੇ ਨਜ਼ਰੀਏ ਨੂੰ ਧਿਆਨ ਵਿੱਚ ਰੱਖੇ ਬਿਨਾਂ, ਸੰਸਦ ਵਿੱਚ ਧੱਕੇ ਨਾਲ ਬਿੱਲਾਂ ਨੂੰ ਸੰਸਦ ਦੀ ਚੋਣ ਕਮੇਟੀ ਕੋਲ ਸੁਝਾਅ ਭੇਜਦਿਆਂ ਵਿਵਾਦਪੂਰਨ ਆਰਡੀਨੈਂਸਾਂ ਦੀ ਥਾਂ ਲੈਣ ਵਾਲੇ ਤਿੰਨ ਐਕਟਾਂ ਨੂੰ ਲਾਗੂ ਕੀਤਾ ਹੈ।

ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਇਜਲਾਸ ਚਿੰਤਾ ਪ੍ਰਗਟ ਕਰਦਾ ਹੈ ਕਿ ਰਾਜ ਸਭਾ ਵਿੱਚ ਵਿਵਾਦਪੂਰਨ ਬਿੱਲਾਂ ਦੇ ਪਾਸ ਹੋਣ ਸਮੇਂ, ਵਿਰੋਧੀ ਧਿਰ ਦੀ ਗਿਣਤੀ ਦੇ ਆਧਾਰ 'ਤੇ ਵੰਡ ਦੀ ਮੰਗ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ।

ਪਰਤੋ ਜੀ........

Singh 11/11/2021
Superintendent
Punjab Vidhan Sabha
Chandigarh

ਪੰਜਾਬ ਵਿਧਾਨ ਸਭਾ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਮਾਮਲਿਆਂ ਤੇ ਤਿੰਨ ਵਿਵਾਦਤ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਮਵਰਤੀ ਸੂਚੀ ਦੇ ਇੰਦਰਾਜ 33 ਦੀ ਵਰਤੋਂ ਦੀ ਨਿਖੇਧੀ ਅਤੇ ਨਿੰਦਾ ਕਰਦੀ ਹੈ। ਇਹ ਸਦਨ ਇੱਕ ਵਾਰ ਫਿਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਖੇਤੀਬਾੜੀ ਅਤੇ ਖੇਤੀਬਾੜੀ ਨਾਲ ਸਬੰਧਤ ਕੋਈ ਵੀ ਗਤੀਵਿਧੀ ਜਿਸ ਵਿੱਚ ਖੇਤੀਬਾੜੀ ਉਤਪਾਦ ਦਾ ਮੰਡੀਕਰਨ ਅਤੇ ਭੰਡਾਰਨ ਸ਼ਾਮਲ ਹੈ, ਰਾਜ ਦਾ ਵਿਸ਼ਾ ਹੈ। ਸਮਵਰਤੀ ਸੂਚੀ ਦਾ ਇੰਦਰਾਜ਼ 33 ਵਪਾਰ ਅਤੇ ਵਣਜ ਨਾਲ ਸਬੰਧਤ ਹੈ ਅਤੇ ਖੇਤੀਬਾੜੀ ਨਾ ਤਾਂ ਵਪਾਰ ਅਤੇ ਨਾ ਹੀ ਵਣਜ ਹੈ। ਕਿਸਾਨ ਨਾ ਤਾਂ ਵਪਾਰੀ ਹੈ ਅਤੇ ਨਾ ਹੀ ਵਪਾਰਕ ਗਤੀਵਿਧੀਆਂ ਵਿੱਚ ਸ਼ਾਮਲ ਹੈ। ਉਹ ਸਿਰਫ਼ ਇੱਕ ਕਾਸ਼ਤਕਾਰ/ਉਤਪਾਦਕ/ਉਪਜਾਉਣ ਵਾਲਾ ਹੈ ਜੋ ਆਪਣੀ ਉਪਜ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਜਾਂ ਵਪਾਰੀ ਦੁਆਰਾ ਨਿਰਧਾਰਤ ਕੀਮਤ 'ਤੇ ਏਪੀਐਮਸੀਮੰਡੀ ਵਿੱਚ ਵੇਚਣ ਲਈ ਲਿਆਉਂਦਾ ਹੈ।

ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਵੱਲੋਂ ਸਮਵਰਤੀ ਸੂਚੀ ਦੇ ਇੰਦਰਾਜ 33 (ਬੀ) ਵਿੱਚ ਖਾਧ-ਪਦਾਰਥ ਸ਼ਬਦ ਨੂੰ ਖੇਤੀਬਾੜੀ ਸਮੱਗਰੀ (ਖੇਤੀ ਉਤਪਾਦ) ਦੇ ਬਰਾਬਰ ਹੋਣ ਦੀ ਗਲਤ ਵਿਆਖਿਆ ਕਰਕੇ ਸੰਸਦ ਨੂੰ ਗੁੰਮਰਾਹ ਕਰਨ ਦੇ ਕੰਮ ਦੀ ਨਿਖੇਧੀ ਕੀਤੀ ਹੈ ਅਤੇ ਇਸ ਤਰ੍ਹਾਂ ਕੇਂਦਰ ਸਰਕਾਰ ਨੇ ਬੇਈਮਾਨੀ ਕਰਦੇ ਹੋਏ ਅਸਿੱਧੇ ਤੌਰ 'ਤੇ ਉਹ ਪ੍ਰਾਪਤ ਕਰਨ ਦਾ ਯਤਨ ਕੀਤਾ ਹੈ ਜੋ ਇਹ ਸਿੱਧੇ ਤੌਰ ਤੇ ਨਹੀਂ ਕਰ ਸਕੀ, ਜਿਸ ਤੇ ਪ੍ਰਸ਼ਨ ਉੱਠਦੇ ਹਨ।

ਪੰਜਾਬ ਵਿਧਾਨ ਸਭਾ ਕੇਂਦਰ ਸਰਕਾਰ ਨੂੰ ਯਾਦ ਦਿਵਾਉਂਦੀ ਹੈ ਕਿ ਏਪੀਐਮਸੀ ਐਕਟਾਂ ਦੀ ਸੰਵਿਧਾਨਿਕ ਵੈਧਤਾ ਅਤੇ ਮਨਜ਼ੂਰੀ ਹੈ। ਇਹ ਰਾਜ ਦੇ ਕਾਨੂੰਨ ਹਨ ਜੋ ਇਸ ਧਾਰਣਾ ਅਧੀਨ ਤਿਆਰ ਕੀਤੇ ਗਏ ਹਨ ਕਿ ਖੇਤੀਬਾੜੀ ਅਤੇ ਖੇਤੀਬਾੜੀ ਮੰਡੀਕਰਣ ਰਾਜ ਦਾ ਵਿਸ਼ਾ ਹੈ। ਏਪੀਐਮਸੀ ਐਕਟਾਂ ਦੇ ਅਧੀਨ ਸਥਾਪਿਤ ਕੀਤੀਆਂ ਗਈਆਂ ਨਿਯੰਤ੍ਰਿਤ ਮੰਡੀਆਂ ਦੀ ਇੱਕ ਕਾਨੂੰਨੀ ਬੁਨਿਆਦ, ਬੁਨਿਆਦੀ ਢਾਂਚਾ ਅਤੇ ਇੱਕ ਵਪਾਰੀ ਜਾਂ ਸਰਕਾਰੀ ਖਰੀਦ ਏਜੰਸੀ ਦੁਆਰਾ ਕੀਤੀ ਗਈ ਹਰੇਕ ਖਰੀਦ ਨੂੰ ਦਸਤਾਵੇਜ਼ੀ ਰੂਪ ਨਾਲ ਦਰਜ ਕਰਨ ਲਈ ਇੱਕ ਸੁਚੱਜੀ ਪਰਿਭਾਸ਼ਿਤ ਵਿਧੀ ਹੈ। ਦੂਜੇ ਪਾਸੇ ਗੈਰ-ਨਿਯੰਤ੍ਰਿਤ ਬਾਜ਼ਾਰ ਬਿਨਾਂ ਕਿਸੇ ਬੁਨਿਆਦੀ ਢਾਂਚੇ, ਬਿਨਾਂ ਕਿਸੇ ਸੰਸਥਾਗਤ ਸਹਾਇਤਾ ਅਤੇ ਬਿਨਾਂ ਕਿਸੇ ਜਵਾਬਦੇਹੀ ਦੇ ਬਣਾਉਟੀ ਵਪਾਰਕ ਕੇਂਦਰਾਂ ਦੇ ਸਮਾਨ ਹਨ।

ਪੰਜਾਬ ਵਿਧਾਨ ਸਭਾ ਕਿਸਾਨ ਹਿਤੈਸ਼ੀ ਨਿਯੰਤ੍ਰਿਤ ਮੰਡੀਆਂ (ਏ.ਪੀ.ਐਮ.ਸੀ. ਮੰਡੀਆਂ) ਨੂੰ ਯੋਜਨਾਬੱਧ ਢੰਗ ਨਾਲ ਖਤਮ ਕਰਨ ਅਤੇ ਇਨ੍ਹਾਂ ਨੂੰ ਵਪਾਰੀ ਪੱਖੀ ਅਨਿਯਮਿਤ ਮੰਡੀਆਂ ਨਾਲ ਤਬਦੀਲ ਕਰਨ ਦੇ ਉਦੇਸ਼ ਨਾਲ ਕੇਂਦਰ ਸਰਕਾਰ ਦੇ ਯਤਨਾਂ ਦੀ ਸਖ਼ਤ ਨਿਖੇਧੀ ਅਤੇ ਨਿੰਦਾ ਕਰਦੀ ਹੈ। ਪੰਜਾਬ ਵਿਧਾਨ ਸਭਾ ਵਪਾਰੀਆਂ ਅਤੇ ਕਾਰਪੋਰੇਸ਼ਨਾਂ ਨੂੰ ਮਾਰਕੀਟ ਫੀਸ, ਪੇਂਡੂ ਵਿਕਾਸ ਫੀਸ ਆਦਿ ਦਾ ਭੁਗਤਾਨ ਕੀਤੇ ਬਿਨਾਂ ਗੈਰ-ਨਿਯੰਤ੍ਰਿਤ ਮੰਡੀਆਂ ਤੋਂ ਖਰੀਦ ਕਰਨ ਦੀ ਆਗਿਆ ਦੇਣ ਅਤੇ ਇਸ ਤਰ੍ਹਾਂ ਨਿਯੰਤ੍ਰਿਤ ਮੰਡੀਆਂ ਦੇ ਮੁਕਾਬਲੇ ਗੈਰ-ਨਿਯੰਤ੍ਰਿਤ ਮੰਡੀਆਂ ਨੂੰ ਨਾਜਾਇਜ਼ ਫਾਇਦਾ ਪਹੁੰਚਾਉਣ ਲਈ ਦਿੱਤੀਆਂ ਗਈਆਂ ਅਨੁਚਿਤ ਰਿਆਇਤਾਂ 'ਤੇ ਚਿੰਤਾ ਪ੍ਰਗਟ ਕਰਦੀ ਹੈ। ਇਸ ਨਾਲ ਆਖਰ ਏ.ਪੀ.ਐਮ.ਸੀ. ਮੰਡੀਆਂ ਤੋਂ ਵਪਾਰ ਦੇ ਨਿੱਜੀ ਮੰਡੀਆਂ ਦੇ ਹੱਥ ਵਿੱਚ ਚਲੇ ਜਾਣ ਦੇ ਨਾਲ-ਨਾਲ ਜਿੱਥੇ ਰਾਜ ਸਰਕਾਰ ਨੂੰ ਵਿੱਤੀ ਨੁਕਸਾਨ ਹੋਵੇਗਾ ਉੱਥੇ ਹੀ ਪੇਂਡੂ ਵਿਕਾਸ 'ਤੇ ਮਾੜਾ ਅਸਰ ਪਵੇਗਾ।

ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਇਜਲਾਸ ਕੇਂਦਰ ਸਰਕਾਰ ਨੂੰ ਯਾਦ ਕਰਵਾਉਂਦਾ ਹੈ ਕਿ 86% ਕਿਸਾਨਾਂ ਕੋਲ ਥੋੜ੍ਹੀ ਜਿਹੀ ਜ਼ਮੀਨ ਹੈ ਜੋ ਹੋਰ ਪੇਂਡੂ ਕਿਰਤ-ਬਲ ਜਿਵੇਂ ਕਿ ਤਰਖਾਣ, ਜੁਲਾਹੇ, ਮਿਸਤਰੀ ਅਤੇ ਗੈਰ-ਹੁਨਰਮੰਦ ਮਜ਼ਦੂਰਾਂ ਨਾਲ ਮਿਲ ਕੇ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣਾਉਂਦੇ ਹਨ। ਕੇਂਦਰ ਸਰਕਾਰ ਇਨ੍ਹਾਂ ਵਿਵਾਦਗ੍ਰਸਤ ਕਾਨੂੰਨਾਂ ਰਾਹੀਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਕਿੱਤਿਆਂ ਤੋਂ ਬੇਦਖਲ ਕਰਕੇ ਕਾਰਪੋਰੇਟ ਰੂਪੀ ਬਘਿਆੜਾਂ ਦੇ ਰਹਿਮੋ-ਕਰਮ 'ਤੇ ਛੱਡਣ ਦਾ ਰਾਹ ਪੱਧਰਾ ਕਰ ਰਹੀ ਹੈ। ਇਹਨਾਂ ਕਾਨੂੰਨਾਂ ਨੂੰ ਇੱਕ ਨਜ਼ਰ ਪੜ੍ਹਨ ਨਾਲ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਵੱਡੇ ਪੱਧਰ ਤੇ ਕਾਰਪੋਰੇਸ਼ਨਾਂ ਦੇ ਹੱਕ ਵਿੱਚ ਹਨ ਅਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨਦੇਹ ਹਨ। ਪੰਜਾਬ ਵਿਧਾਨ ਸਭਾ ਪੇਂਡੂ ਗਰੀਬਾਂ ਵਿਰੁੱਧ ਇਸ ਸਾਜ਼ਿਸ਼

Superintendent 11/11/2021
Punjab Vidhan Sabha
Chandigarh

Superintendent
Punjab Vidhan Sabha
Chandigarh

ਦਾ ਪੱਖ ਨਹੀਂ ਪੂਰ ਸਕਦੀ; ਸਗੋਂ ਇਹ ਤਿੰਨ ਗੈਰ-ਸੰਵਿਧਾਨਿਕ ਕਾਨੂੰਨਾਂ ਨੂੰ ਰੱਦ ਕਰਨ ਲਈ ਕਿਸਾਨਾਂ ਅਤੇ ਪੰਛੂ ਜਨ-ਸ਼ਕਤੀ ਦਾ ਇਸ ਸੰਘਰਸ਼ ਵਿੱਚ ਪੂਰਾ ਸਮਰਥਨ ਕਰਨ ਦਾ ਸੰਕਲਪ ਕਰਦੀ ਹੈ।

ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਇਜਲਾਸ ਸੰਸਦ ਵਿੱਚ ਇੱਕ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਕਰਦਾ ਹੈ, ਜੋ ਕਿ ਗਰੀਬ ਅਤੇ ਛੋਟੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰੇ ਤਾਂ ਜੋ ਉਨ੍ਹਾਂ ਨੂੰ ਕਾਰਪੋਰੇਟ ਮਗਰਮੱਛਾਂ ਦੇ ਭਵਿੱਖੀ ਸ਼ੋਸ਼ਣ ਤੋਂ ਬਚਾਇਆ ਜਾ ਸਕੇ ਜੋ ਵਾਢੀ ਦੇ ਸੀਜ਼ਨ ਦੌਰਾਨ ਫਸਲਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਕਰ ਕੇ, ਇਸ ਨੂੰ ਸਟੋਰ ਕਰਕੇ ਉੱਚ ਕੀਮਤਾਂ 'ਤੇ ਖਪਤਕਾਰਾਂ ਨੂੰ ਵੇਚ ਸਕਦੇ ਹਨ। ਸੁਝਾਏ ਗਏ ਵਿਸ਼ੇਸ਼ ਕਾਨੂੰਨ ਵਿੱਚ ਕਿਸਾਨਾਂ ਨੂੰ ਕਾਨੂੰਨੀ ਗਾਰੰਟੀ ਪ੍ਰਦਾਨ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੀ ਉਪਜ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਨਹੀਂ ਕੀਤੀ ਜਾਵੇਗੀ ਅਤੇ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਖੇਤੀ ਉਪਜ ਦੀ ਖਰੀਦ ਦੰਡਯੋਗ ਅਪਰਾਧ ਹੋਵੇਗਾ। ਪੰਜਾਬ ਵਿਧਾਨ ਸਭਾ ਮੰਗ ਕਰਦੀ ਹੈ ਕਿ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਲਾਜ਼ਮੀ ਹੋਣੀ ਚਾਹੀਦੀ ਹੈ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਣਨਾ ਵਿਆਪਕ ਲਾਗਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਜਾਣੀ ਚਾਹੀਦੀ ਹੈ।

ਉਪਰੋਕਤ ਦੇ ਮੱਦੇਨਜ਼ਰ, 11 ਨਵੰਬਰ 2021 ਨੂੰ ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਇਜਲਾਸ, ਮਾਨਯੋਗ ਖੇਤੀਬਾੜੀ ਮੰਤਰੀ ਪੰਜਾਬ ਵੱਲੋਂ ਪੇਸ਼ ਕੀਤੇ ਗਏ ਅਤੇ ਸਦਨ ਵੱਲੋਂ ਪਾਸ ਕੀਤੇ ਗਏ ਮਤੇ ਰਾਹੀਂ, ਇੱਕ ਵਾਰ ਫਿਰ ਤਿੰਨ ਵਿਵਾਦਗ੍ਰਸਤ ਕਾਨੂੰਨਾਂ ਨੂੰ ਰੱਦ ਕਰਦਾ ਹੈ ਅਤੇ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਸਮਰੱਥਾ ਦੇ, ਰਾਜਾਂ ਦੇ ਅਧਿਕਾਰ ਖੇਤਰ ਵਿਚ ਗਲਤ ਢੰਗ ਨਾਲ ਦਖਲ ਦਿੰਦਿਆਂ, ਖੇਤੀਬਾੜੀ ਰਾਜ ਦਾ ਵਿਸ਼ਾ ਹੋਣ ਦੇ ਤੱਥ ਨੂੰ ਨਜ਼ਰਅੰਦਾਜ਼ ਕਰਦਿਆਂ ਅਤੇ ਸੂਚੀ III ਦੇ ਇੰਦਰਾਜ 33 ਦੀ ਗਲਤ ਵਿਆਖਿਆ ਕਰਦਿਆਂ ਲਾਗੂ ਕੀਤੇ, ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦਾ ਹੈ।

ਵਿਧਾਨ ਸਭਾ ਵਲੋਂ ਪਾਸ ਕੀਤੇ ਇਸ ਮਤੇ ਨੂੰ ਮੁੱਖ ਰਖਦੇ ਹੋਏ ਕੇਂਦਰ ਸਰਕਾਰ ਦੇ ਖੇਤੀਬਾੜੀ ਨਾਲ ਸਬੰਧਤ ਤਿੰਨ ਵਿਵਾਦ ਗ੍ਰਸਤ ਕਾਨੂੰਨਾਂ ਨੂੰ ਲਾਗੂ ਨਾ ਕਰਨ ਲਈ ਪੰਜਾਬ ਸਰਕਾਰ ਨੂੰ ਹਦਾਇਤਾਂ ਜਾਰੀ ਕਰਨ ਲਈ ਇਸ ਪਵਿੱਤਰ ਸਦਨ ਨੂੰ ਬੇਨਤੀ ਕੀਤੀ ਜਾਂਦੀ ਹੈ।"

3. ਸਿਰਲੇਖ **"X. ਵਿਧਾਨਕ ਕੰਮ-ਕਾਰ"**, ਅਧੀਨ ਨਿਮਨਲਿਖਤ **ਕ੍ਰਮ ਨੰ.1** ਵਜੋਂ ਜੋੜ ਦਿੱਤਾ ਜਾਵੇਗਾ ਅਤੇ ਮੌਜੂਦਾ **ਕ੍ਰਮ ਨੰਬਰਾਂ** ਨੂੰ **ਕ੍ਰਮ ਨੰ.2** ਤੋਂ ਅੱਗੇ ਵਜੋਂ ਪੜ੍ਹਿਆ ਜਾਵੇ:-

| | | | |
|---|---|---|---|
| "1. | **ਦੀ ਪੰਜਾਬ ਰੀਨਿਊਏਬਲ ਐਨਰਜੀ ਸਿਕਉਰਿਟੀ, ਰਿਫਾਰਮ, ਟਰਮੀਨੇਸ਼ਨ ਐਂਡ ਰੀ -ਡਿਟਰੀਮੀਨੇਸ਼ਨ ਆਫ ਪਾਵਰ ਟੈਰਿਫ ਬਿਲ,** 2021 | **ਇਕ ਮੰਤਰੀ** | ਦੀ ਪੰਜਾਬ ਰੀਨਿਊਏਬਲ ਐਨਰਜੀ ਸਿਕਉਰਿਟੀ, ਰਿਫਾਰਮ, ਟਰਮੀਨੇਸ਼ਨ ਐਂਡ ਰੀ-ਡਿਟਰੀਮੀਨੇਸ਼ਨ ਆਫ ਪਾਵਰ ਟੈਰਿਫ ਬਿਲ, 2021 ਪੇਸ਼ ਕਰਨਗੇ।<br>ਪ੍ਰਸਤਾਵ ਕਰਨਗੇ ਕਿ ਦੀ ਪੰਜਾਬ ਰੀਨਿਊਏਬਲ ਐਨਰਜੀ ਸਿਕਉਰਿਟੀ, ਰਿਫਾਰਮ, ਟਰਮੀਨੇਸ਼ਨ ਐਂਡ ਰੀ-ਡਿਟਰੀਮੀਨੇਸ਼ਨ ਆਫ ਪਾਵਰ ਟੈਰਿਫ ਬਿਲ, 2021 ਤੇ ਤੁਰਤ ਵਿਚਾਰ ਕੀਤਾ ਜਾਵੇ।<br>ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ। |

4. ਸਿਰਲੇਖ **"X. ਵਿਧਾਨਕ ਕੰਮ-ਕਾਰ"**, ਅਧੀਨ ਨਿਮਨਲਿਖਤ ਨੂੰ **ਕ੍ਰਮ ਨੰ.9** ਤੋਂ ਬਾਅਦ ਜੋੜ ਦਿੱਤਾ ਜਾਵੇਗਾ:-

11/11/2021

Superintendent
Punjab Vidhan Sabha
Chandigarh